(i) Printed Pages : 3

Roll No. ................................

(ii) Questions : 8

Sub. Code : | 1 | 2 | 5 | 2 | 4 |

Exam. Code : | 5 | 0 | 2 | 2 |

**Bachelor of Commerce (FYUP) 2nd Semester**

**(2055)**

**PUNJABI**

**Paper : Compulsory Punjabi (PUN122)**

**Time Allowed : Three Hours]** **[Maximum Marks : 45**

**ਨੋਟ :–** ਸਾਰੇ ਪ੍ਰਸ਼ਨ ਲਾਜ਼ਮੀ ਹਨ। ਇੱਕ ਪ੍ਰਸ਼ਨ ਦੇ ਸਾਰੇ ਭਾਗ ਇਕੱਠੇ ਇੱਕੋ ਜਗ੍ਹਾ ਹੱਲ ਕੀਤੇ ਜਾਣ।

**ਯੂਨਿਟ–I**

1. ਕਿਸੇ **ਇੱਕ** ਲੋਕ-ਗੀਤ ਦਾ ਵਿਸ਼ਾ-ਵਸਤੂ ਲਿਖੋ :

(ੳ) ਡਾਚੀਆ ਤੇ ਤਰਖਾਣ

(ਅ) ਮੱਝੀਆਂ। 8

2. ਕਿਸੇ **ਇੱਕ** ਲੋਕ-ਗੀਤ ਦਾ ਕੇਂਦਰੀ ਭਾਵ ਲਿਖੋ :

(ੳ) ਰਾਹ ਸੜਕਾਂ ਦੇ

(ਅ) ਮੋਰ ਤੇ ਕੂੰਜਾਂ। 3

3. ਕਿਸੇ **ਇੱਕ** ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ, ਫੁੱਲਾਂ ਬਾਝ ਫੁਲਾਹੀਆਂ।
ਹੱਸਾਂ ਨਾਲ ਹਮੇਲਾਂ ਸੋਂਹਦੀਆਂ, ਬੰਦਾਂ ਨਾਲ ਗਜਰਾਈਆਂ।
'ਧੰਨ ਭਾਗ ਮੇਰੇ' ਆਖੇ ਪਿੱਪਲ, ਕੁੜੀਆਂ ਨੇ ਪੀਘਾਂ ਪਾਈਆਂ।
ਸਾਉਣ ਵਿੱਚ ਕੁੜੀਆਂ ਨੇ, ਪੀਘਾਂ ਅਸਮਾਨ ਚੜ੍ਹਾਈਆਂ।

(ਅ) ਮੋਰਾਂ ਦੀ ਖ਼ਾਤਿਰ ਮੈਂ ਬਾਗ਼ ਲਵਾਨੀਆਂ।

ਵੇ ਤੂੰ ਕਿਤੇ ਆ ਜਾ, ਵੇ ਮੋਰਾ।

ਪੈਲਾਂ ਪਾ ਜਾ, ਵੇ ਮੋਰਾ।

ਤੇਰੀਆਂ ਗੁੱਝੀਆਂ ਰਮਜ਼ਾਂ ਵੇ।

ਤੇਰੀਆਂ ਮਹੀਓਂ ਸਮਝਾਂ ਵੇ।

ਪਰਦਾਸੀਆ, ਵੇ ਮੋਰਾ। 4

4. ਕਿਸੇ **ਪੰਜ** ਪ੍ਰਸ਼ਨਾਂ ਦੇ ਛੋਟੇ ਉੱਤਰ ਲਿਖੋ :

(ੳ) ਜਿੱਥੇ ਭੈਣ ਦਾ ਵੀਰ ਵਸਦਾ ਹੈ, ਉੱਥੇ ਕਿੱਕਰਾਂ ਨੂੰ ਕੀ ਲਗਦਾ ਹੈ ?

(ਅ) **'ਪਿੱਪਲਾ ਦੱਸ ਦੇ ਵੇ'** ਲੋਕ-ਗੀਤ ਦਾ ਵਿਸ਼ਾ ਕੀ ਹੈ ?

(ੲ) ਪਤਨੀ ਆਪਣੇ ਮਰਨ ਪਿੱਛੋਂ ਕਿਹੜੇ-ਕਿਹੜੇ ਰੁਖ ਬੂਟੇ ਦੇ ਰੋਣ ਦੀ ਗੱਲ ਕਰਦੀ ਹੈ ?

(ਸ) ਲੋਕ-ਗੀਤਾਂ ਅਨੁਸਾਰ ਮੱਝਾਂ ਦੇ ਦੁੱਧ ਦਾ ਸੁਆਦ ਕਿਹੋ ਜਿਹਾ ਹੁੰਦਾ ਹੈ ?

(ਹ) ਪ੍ਰੀਤ-ਨਾਇਕਾ ਪ੍ਰੀਤਮ ਦੀ ਵਾਪਸੀ ਮੰਗਦੀ ਹੋਈ ਕਿਹੜੇ ਪੀਰਾਂ ਨੂੰ ਮਨਾਉਂਦੀ ਹੈ ?

(ਕ) **'ਉੱਚੀਆਂ ਘਾਟੀਆਂ'** ਲੋਕ-ਗੀਤ ਵਿੱਚ ਕਿਹੜੇ ਦੇਸੀ ਮਹੀਨਿਆਂ ਦੇ ਨਾਂ ਆਏ ਹਨ ?

(ਖ) ਰਾਵੀ ਦੇ ਕੰਢੇ ਕਿਹੜਾ ਸ਼ਹਿਰ ਹੈ ? 5

## ਯੂਨਿਟ-II

5. ਹੇਠ ਲਿਖੇ ਤਰਨੀਕੀ ਸ਼ਬਦਾਂ ਵਿੱਚੋਂ ਕਿਸੇ **ਪੰਜ** ਦਾ ਪੰਜਾਬੀ ਅਨੁਵਾਦ ਕਰੋ :

Figure, Personnel, Document, Utilization, Nomination, Annexure, Executive. 5

6. ਕਿਸੇ **ਇੱਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਕਰੋ :

(ੳ) ਅਨੁਸ਼ਾਸਨ

(ਅ) ਨਸ਼ੇ ਤੇ ਨੌਜਵਾਨ। 10

7. ਵਿਸ਼ਰਾਮ ਚਿੰਨ੍ਹ ਲਗਾਓ :

ਕਰਮ ਸਿੰਘ ਨੇ ਆਪਣੇ ਇਲਾਕੇ ਵਿੱਚ ਉਸ ਦੀ ਦਿਲਚਸਪੀ ਵਧਾਉਣ ਲਈ ਪੁੱਛਿਆ ਤੂੰ ਕਦੀ ਉਧਰ ਗਿਆ ਏਂ ਕਿ ਨਹੀਂ ਮਾਨ ਸਿੰਘ ਬੋਲਿਆ ਨਹੀਂ ਮੈਂ ਤਾਂ ਅੰਬਰਸਰ ਵਿੱਚੋਂ ਹੀ ਲੰਘਿਆ ਹਾਂ ਤਾਂ ਕਰਮ ਸਿੰਘ ਕਹਿਣ ਲੱਗਿਆ ਉਧਰ ਬੜੇ ਗੁਰਦੁਆਰੇ ਨੇ ਸਾਰੀ ਥਾਈਂ ਮੱਥਾ ਟੇਕ ਆਵੀਂ 3

8. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

ਸੁਲੱਖਣਾ ਬੰਦਾ ਵੱਡਿਆਂ ਦਾ ਸਤਿਕਾਰ ਕਰਦਾ ਹੈ, ਉਨ੍ਹਾਂ ਨੂੰ ਪਹਿਲ ਦਿੰਦਾ ਹੈ, ਬਰਾਬਰ ਦਿਆਂ ਦਾ ਮਾਣ ਕਰਦਾ ਹੈ, ਛੋਟਿਆਂ ਦਾ ਆਦਰ ਕਰਦਾ ਹੈ, ਉਨ੍ਹਾਂ ਨੂੰ ਰਾਹ ਪਾਉਂਦਾ ਹੈ, ਇਸਤਰੀਆਂ ਤੋਂ ਅੱਖ ਨੀਵੀਂ ਰੱਖਦਾ ਹੈ, ਯਥਾ-ਸ਼ਕਤੀ ਆਪਣੀ ਲੋੜ ਉਨ੍ਹਾਂ ਦੇ ਪਿੱਛੇ ਰੱਖਦਾ ਹੈ। ਇਸਤਰੀ ਜਾਤੀ ਦਾ ਹਰ ਥਾਂ ਮਾਣ ਕਰਨਾ ਤੇ ਉਸ ਨੂੰ ਪਹਿਲ ਦੇਣੀ ਸੁਲੱਖਣੇ ਬੰਦਿਆਂ ਦਾ ਵੱਡਾ ਚਿੰਨ੍ਹ ਹੈ। ਸਾਊ ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਇਹ ਹੈ ਕਿ ਉਹ ਕਦੇ ਕਾਹਲਾ, ਹਫ਼ਲਿਆ ਅਤੇ ਆਪੇ ਤੋਂ ਬਾਹਰ ਨਹੀਂ ਦਿਸੇਗਾ। ਲੋਕ ਗੱਡੀ ਚੜ੍ਹਨ ਲਈ ਇੰਵ ਭੱਜਦੇ ਤੇ ਧੱਕਮ-ਧੱਕਾ ਹੁੰਦੇ ਹਨ, ਜਿਵੇਂ ਅੱਗ ਲੱਗ ਗਈ ਹੁੰਦੀ ਹੈ, ਪਰ ਸੁਚੱਜਾ ਆਦਮੀ ਅਡੋਲ ਟਿਕਿਆ ਰਹਿੰਦਾ ਹੈ। ਕਾਹਲ ਤੇ ਤਿੱਖਾਪਨ ਭਾਵੇਂ ਤੁਰਨ-ਫਿਰਨ ਵਿੱਚ ਹੋਵੇ, ਭਾਵੇਂ ਅੱਖਾਂ ਦਾ ਹੋਵੇ, ਭਾਵੇਂ ਜ਼ਬਾਨ ਦਾ, ਸੋਭਾ ਨਹੀਂ ਪਾਉਂਦਾ। ਆਪੋ ਵਿਚਲੀ ਗੱਲ ਕਰਦਿਆਂ ਦੂਜਿਆਂ ਦਾ ਖ਼ਿਆਲ ਰੱਖਣਾ, ਉੱਚਾ ਨਾ ਬੋਲਣਾ, ਨਾ ਹਿੜ-ਹਿੜ ਕਰ ਹੱਸਣਾ, ਦੂਜਿਆਂ ਵੱਲ ਨਾ ਘੂਰਨਾ ਤੇ ਉਨ੍ਹਾਂ ਦੀਆਂ ਚੀਜ਼ਾਂ ਨੂੰ ਗਹੁ ਨਾਲ ਪੜਤਾਲਣਾ, ਪੁਸਤਕ ਜਾਂ ਅਖ਼ਬਾਰ ਨਾ ਪੜ੍ਹਨ ਦੀ ਕੋਸ਼ਿਸ਼ ਕਰਨੀ, ਨਾ ਹੱਥ ਵਿੱਚੋਂ ਖੋਹਣ ਦਾ ਜਤਨ ਕਰਨਾ, ਦੂਜੇ ਨੂੰ ਆਪਣੇ ਕਰਕੇ ਕੋਈ ਔਖ ਨਾ ਦੇਣਾ ਤੇ ਜੇ ਬੇਵਸੀ ਨਾ ਦਿੱਤਾ ਜਾਵੇ ਤਾਂ ਖ਼ਿਮਾ ਮੰਗਣੀ, ਇਹ ਮੋਟੇ ਜਿਹੇ ਨਿਯਮ ਹਨ ਵਰਤਣ ਤੇ ਬੈਠਣ ਦੇ। 1+6=7